ਟ੍ਰੈਕਟ ਨੰ: ੬੯੬



ਬਾਬਾ ਦੀਪ ਸਿੰਘ ਸ਼ਹੀਦ

[ਭਾਗ ੧]

ਪ੍ਰਕਾਸ਼ਕ

ਖਾਲਸਾ ਟ੍ਰੈਕਟ ਸੁਸੈਟੀ ਅੰਮ੍ਰਿਤਸਰ

(ਰਜਿਸਟਰਡ ਮੁਤਾਬਕ ਐਕਟ ੨੧ ਸੰਨ ੧੯੬੦)

ਕਬੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ
ਭਾਈ ਬਹਾਦਰ ਸਿੰਘ ਮੈਨੇਜਰ ਤੇ ਪ੍ਰਿੰਟਰ
ਦੇ ਯਤਨ ਨਾਲ ਛਪਿਆ ॥

ਪ ਸਤੰਬਰ ੧੯੨੩, ਮੋਖ —)

ਲਾਇਬ੍ਰੇਰੀ
22644

ਏਹ ਟ੍ਰੈਕਟ ਮੁਫਤ ਭੇਟਾ ਹੈ
ਕੋਈ ਮੁਲ ਨਹੀਂ

ਸ਼ਹੀਦ

"ਸ਼ਹੀਦ" ਅਰਬੀ ਭਾਸ਼ਾ ਦਾ ਸ਼ਬਦ ਹੈ, ਇਹਦੇ ਅਰਥ ਹਨ, ਗਵਾਹ, ਵਾਹਿਗੁਰੂ ਦੀ ਰਾਹ ਵਿਚ ਜਾਨ ਦੇਣ ਵਾਲਾ, ਜੋ ਬੇਗੁਨਾਹ ਮਾਰਿਆ ਜਾਵੇ।

ਪੰਜਾਬੀ ਬੋਲੀ ਵਿਚਇਹ ਪਦ ਵਰਤਿਆ ਗਿਆ ਹੈ, ਅਰ ਇਨ੍ਹਾਂ ਅਰਥਾਂ ਵਿਚ:—

ਜਦ ਕੋਈ ਮਨੁੱਖ ਆਪਣੇ ਸਰੀਰ ਵਿਚੋਂ ਅਪਣਿਤ ਨੂੰ ਮਾਰ, ਸ਼ਾਤੀ ਖਾਹਸ਼ਾਂ ਨੂੰ ਕੌਮੀ ਖਾਹਸ਼ਾਂ ਤੋਂ ਵਾਰ, ਸ਼ਾਤੀ ਲਾਭ ਨੂੰ ਕੌਮੀ ਲਾਭ ਤੋਂ ਕੁਰਬਾਨ ਕਰ, ਸ਼ਾਰਥ ਰਹਤ ਹੋ, ਧਰਮ, ਕੌਮ, ਤੇ ਦੇਸ਼ ਦੇ ਉੱਤੇ ਹੋ ਰਹੇ ਜ਼ੁਲਮ ਦੇ ਵਿਰੁਧ ਤਨ, ਮਨ ਤੇ ਧਨ ਲੋੜ ਪੈਣ ਤੇ ਕੁਰਬਾਨ ਕਰ ਦੇਵੇ, ਉਹਨੂੰ ਕੰਹਦੇ ਹਨ "ਸ਼ਹੀਦ।"

ਖਾਲਸੇ ਵਿਚ ਭੀ ਇਹ ਪਦ ਵਰਤਿਆ ਗਿਆ, ਪਰ ਇਸਦੇ ਅਰਥ ਰਤਾ ਹੋਰ ਉਚੇਚੇ ਹੋ ਗਏ, ਉਹ ਇਹ ਕਿ ਜੋ ਪੁਰਖ ਧਾਰਮਕ ਜੀਵਨ ਬਸਰ ਕਰਦਾ ਹੋਵੇ, ਬਾਣੀ ਨਾਮ ਦਾ

ਆਪ ਦਸਿਆ ਹੈ:—

ਜਨਮ ਮਰਨ ਦੋਹਹੁੰ ਮਹਿ ਨਾਹੀ
ਜਨ ਪਰਉਪਕਾਰੀ ਆਏ । ਜੀਅ
ਦਾਨ ਦੇ ਭਗਤੀ ਲਾਇਨਿ ਹਰਿ ਸਿਉ
ਲੈਨਿ ਮਿਲਾਏ।

ਇਸੀ ਤਰਾਂ ਜੋ ਲੋਕ ਨਿਰੇ ਹੰਕਾਰ ਤੇ ਹਠ ਵਿਚ ਆਕੇ ਹਉਮੈ ਦੇ ਕਾਰਜਾਂ ਵਿਚ ਵਾਹਿਗੁਰੂ ਤੋਂ ਭੁਲੇ ਹੋਏ ਜਾਨਾਂ ਦੇਂਦੇ ਹਨ, ਉਹ ਬੀ ਸ਼ਹੀਦ ਨਹੀਂ ਹਨ । ਉਨ੍ਹਾਂ ਲਈ ਸ਼ਹੀਦ ਲਫਜ਼ ਉਚੇਰਾ ਹੈ, ਕਿਉਂਕਿ ਵਾਕ ਹੈ:—

ਸੂਰੇ ਏਹੁ ਨ ਆਖੀਅਹਿ ਅਹੰਕਾਰੁ
ਮਰਹਿ ਦੁਖੁ ਪਾਵਹਿ । ਅਹੰਕਾਰ ਮੂਏ
ਸੇ ਵਿਗੁਤੀ ਗਏ ਜਨਮ ਮਰਹਿ ਫਿਰਿ
ਆਵਹਿ ਜਾਵਹਿ ॥

ਸੋ ਹੰਕਾਰ ਵਿਚ ਜਾਨ ਦੇਣ ਵਾਲਾ ਸੂਰਾ ਨਹੀਂ, ਜੋ ਸੂਰਾ ਨਹੀਂ ਉਹ ਸ਼ਹੀਦ ਬੀ ਨਹੀਂ। ਇਸ ਤਰਾਂ ਸ਼ਹੀਦ ਪਦ ਸਿੱਖਾਂ ਦੇ ਵਰਤਾਵੇ ਵਿਚ ਬਾਣੀ ਨਾਮ ਦੇ ਰਸੀਏ ਆਤਮ ਰਸਤੇ ਦੇ ਪੰਧਾਊ ਮਹਾਤਮਾਂ ਲਈ ਹੈ, ਜੋ ਨਿਰਹੰਕਾਰਤਾ ਵਿਚ ਪਰ ਸਚਾਈ,

ਪ੍ਰੇਮੀ ਹੋਵੇ, ਉਹੀ ਹੈ ਜੋ ਨਿਸਕਾਮੀ ਹੋ ਸਕਦਾ ਹੈ, ਉਹੀ ਹੈ ਜੋ ਸੱਚ ਮੁੱਚ ਆਪੇ ਤੇ ਛਤਹ ਪਾਂਦਾ ਹੈ, ਉਹੀ ਹੈ ਜੋ ਸੱਚ ਪਰ ਟਿਕਦਾ ਹੈ, ਲੋੜ ਆ ਪਵੇ ਤਾਂ ਜਾਨ ਦੇਂਦਾ ਹੈ, ਪਰ ਸੱਚ ਤੇ ਅਸੂਲ ਨੂੰ ਨਹੀਂ ਦੇਂਦਾ। ਇਸ ਲਈ ਖਾਲਸੇ ਵਿਚ ਸ਼ਹੀਦ ਦੇ ਅਰਥ ਹਨ, ਬਾਣੀ ਨਾਮ ਦਾ ਰਸੀਆ ਜੋ ਆਤਮ ਜੀਵਨ ਤੇ ਚਲ ਰਿਹਾ ਹੈ। ਉਸਦਾ ਕਿਸੇ ਅਸੂਲ ਪਰ ਆਕੇ ਲੋੜ ਪਣੀ ਤੇ ਆਪਾ ਵਾਰ ਦੇਣਾ ਸ਼ਹੀਦ ਹੋਣਾ ਹੈ।

ਸ੍ਰੀ ਗੁਰੂ ਸਾਹਿਬਾਂ ਵਿਚੋਂ ਗੁਰੂ ਅਰਜਨ ਦੇਵ ਜੀ, ਅਰ ਗੁਰੂ ਤੇਗ ਬਹਾਦਰ ਜੀ ਨੇ ਸੀਸ ਦਿਤੇ, ਆਪਾ ਵਾਰਿਆ, ਪਰ ਉਨ੍ਹਾਂ ਨੂੰ ਸਿੱਖ ਸ਼ਹੀਦ ਨਹੀਂ ਆਖਦੇ, ਕਿਉਂਕਿ ਸ਼ਹੀਦ ਲਫ਼ਜ਼ ਉਨ੍ਹਾਂ ਦੀ ਮਹਾਂਨ ਉਚੀ; ਰੱਬੀ ਤੇ ਅਲੂਹੀਅਤ ਵਾਲੀ ਸ਼ਾਨ ਤੋਂ ਨੀਵਾਂ ਹੈ। ਉਨ੍ਹਾਂ ਦਾ ਆਪਾ ਵਾਰਨਾ ਸ਼ਹਾਦਤ ਤੋਂ ਬਹੁਤ ਹੀ ਉਚੀ ਤੇ ਮਹਾਂਨ ਕੀਮਤੀ ਤੇ ਅਮੋਲਕ ਕੁਰਬਾਨੀ ਹੈ, ਜਿਸ ਵਾਸਤੇ ਕੋਈ ਲਫ਼ਜ਼ ਪੂਰਾ ਨਹੀਂ ਢੁਕ ਸਕਦਾ। ਉਨ੍ਹਾਂ ਲਈ ਤਾਂ ਇਹ ਵਰਜਾ ਸਤਿਗੁਰਾਂ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.